**ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ- ਚੇਅਰਮੈਨ , ਲੇਬਰ ਵੈਲਫੇਅਰ ਬੋਰਡ ਪੰਜਾਬ ਜੀ ਦੀ ਪ੍ਰਧਾ ਹੇਠ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਮਿਤੀ 21.01.2015 ਨੂੰ ਬਾਅਦ ਦੁਪਿਹਰ 12 ਵਜੇ, ਸਰ ਹਾਊਸ ਸੈਕਟਰ-39 ਚੰਡੀਗੜ੍ਹ ਵਿਖੇ ਹੋਈ 47ਵੀ ਮੀਟਿੰਗ ਦੀ ਕਾਰਵਾਈ ਰਿਪੋਟ**

ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 47 ਵੀ ਮੀਟਿੰਗ ਮਾਨਯੋਗ ਸ਼੍ਰੀ ਚੂਨੀ ਲਾਲ ਭਗ ਕਿਰਤ ਮੰਤਰੀ-ਕਮ- ਚੇਅਰਮੈਨ, ਪੰਜਾਬ ਲੇਬਰ ਵੈਲਫੇਅਰ ਬੋਰਡ ਜੀ ਦੀ ਪ੍ਰਧਾਨਗੀ ਹੇਠ ਹੋਈ, ਵਿਚ ਹੇਠ ਲਿਖੇ ਮੈਂਬਰ ਸ਼ਾਮਿਲ ਹੋਏ ।

1. ਸ਼੍ਰੀ ਹਰਭੁਪਿੰਦਰ ਸਿੰਘ ਨੰਦਾ,ਆਈ.ਏ .ਐਸ.
   ਕਿਰਤ ਕਮਿਸ਼ਨਰ, ਪੰਜਾਬ-ਕਮ-ਵੈਲਫੇਅਰ ਕਮਿਸ਼ਨਰ,
   ਪੰਜਾਬ ਲੇਬਰ ਵੈਲਫੇਅਰ ਬੋਰਡ।

2. ਸ਼੍ਰੀ ਪ੍ਰਵੀਨ ਕੁਮਾਰ, ਆਈ.ਏ.ਐਸ
   ਅਡੀਸ਼ਨਲ ਸੈਕਟਰੀ
   ਵਿੱਤ ਵਿਭਾਗ ਪੰਜਾਬ।

3. ਸ਼੍ਰੀ ਸਰਬਜੀਤ ਸਿੰਘ,
   ਜੁਆਇੰਟ ਡਾਇਰੈਕਟਰ,ਉਦਯੋਗ ਅਤੇ ਵੰਣਜ਼ ਵਿਭਾਗ,
   ਪੰਜਾਬ, ਚੰਡੀਗੜ੍ਹ

4. ਸ਼੍ਰੀ ਮਹਿੰਗਾ ਸਿੰਘ ਕੰਗ,
   ਪ੍ਰੋਗਰਾਮ ਮੈਨੇਜਰ, ਆਈ.ਸੀ.ਪੀ.ਐਸ
   ਡਿਪਟੀ ਡਾਇਰੈਕਟਰ,ਸਮਾਜਿਕ ਸੁਰੱਖਿਆ ਅਤੇ
   ਇਸਤਰੀ ਤੇ ਬਾਲ ਵਿਕਾਸ ਵਿਭਾਗ ।

5. ਸ਼੍ਰੀ ਸ਼ੰਦੀਪ ਕੁਮਾਰ ਕਾਲਰਾ,ਪੁੱਤਰ ਸ਼੍ਰੀ ਵਿਸ਼ੇਸ਼ਰ ਨਾਥ
   ਨਜ਼ਦੀਕ ਜੱਸੀ ਹਸਪਤਾਲ, ਬੀਕਾਨੇਰੀ ਰੋਡ, ਫਾਜ਼ਿਲਕਾ।

6. ਸ਼੍ਰੀ ਰਾਜ ਕੁਮਾਰ ਪੁੱਤਰ ਸ਼੍ਰੀ ਸੰਦੀਖ ਸਿੰਘ,
   ਕੋਟ ਖਾਲਸਾ ਨਿਊ ਅਬਾਦੀ ਨੇੜੇ ਵਿਸ਼ਕਰਮਾ ਮੰਦਰ,
   ਅੰਮ੍ਰਿਤਸਰ ।

ਹੇਠ ਲਿਖੇ ਮੈਂਬਰ ਬੋਰਡ ਦੀ ਮੀਟਿੰਗ ਵਿਚ ਹਾਜਿਰ ਨਹੀਂ ਹੋ ਸਕੇ।ਮੌਕੇ ਤੇ ਚੇਅਰਮੈਨ ਜੀ ਵਲੋ **Leave absent** ਗ੍ਰਾਂਟ ਕਰ ਦਿੱਤੀ ਗਈ ਅਤੇ ਕਿਹਾ ਕਿ ਬੋਰਡ ਦੇ ਰੂਲਾ ਅਨੁਸਾਰ ਇਹਨਾ ਮੈਂਬਰਾ ਨੂੰ ਅਗਲੀ ਮੀਟਿੰਗ ਵਿ ਹਾਜਿਰ ਹੋਣ ਲਈ ਲਿਖਿਆ ਜਾਵੇ ।

1. ਸ਼੍ਰੀ ਹਰੀਸ਼ ਕਾਲੀਆ ਪੁਤਰ ਸ਼੍ਰੀ ਸਤਪਾਲ ਕਾਲੀਆ,
   ਮੈਸ: ਕੇ.ਕੇ ਇੰਡਸਟਰੀਜ਼, ਜਲੰਧਰ।

2. ਸ਼੍ਰੀ ਬਖਤਾਵਰ ਸਿੰਘ ਪੁਤਰ ਸ਼੍ਰੀ ਹੁਕਮ ਸਿੰਘ,
   ਪ੍ਰਧਾਨ ਪੱਲੇਦਾਰ ਯੂਨੀਅਨ ਫਾਜ਼ਿਲਕਾ।

ਵੈਲਫੇਅਰ ਕਮਿਸ਼ਨਰ ,ਪੰਜਾਬ ਵਲੋ ਚੇਅਰਮੈਨ ਜੀ ਦੀ ਇਜਾਜ਼ਤ ਨਾਲ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਇਸ ਉਪਰੰਤ ਮੀਟਿੰਗ ਸਬੰਧੀ ਹਰ ਇਕ ਮੱਦ ਬਾਰੇ ਵੈਲਫੇਅਰ ਕਮਿਸ਼ਨਰ ਵਲੋ ਮਾਨਯੋਗ ਚੇਅਰਮੈਨ ਅਤੇ ਮੈਂਬਰ ਸਾਹਿਬਾਨ ਨੂੰ ਜਾਣੂ ਕਰਵਾਇਆ ਗਿਆ।

**ਮੱਦ ਨੰ 1: 46 ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ।**

ਵੈਲਫੇਅਰ ਕਮਿਸ਼ਨਰ ਜੀ ਵਲੋ ਮੈਂਬਰਾ ਨੂੰ ਜਾਣੂ ਕਰਵਾਇਆ ਗਿਆ ਕਿ ਪਿਛਲੀ ਮੀਟਿੰ ਦੀ ਕਾਰਵਾਈ ਸਬੰਧੀ ਕਿਸੇ ਵੀ ਮੈਂਬਰ ਵਲੋ ਕੋਈ ਇਤਰਾਜ ਪ੍ਰਾਪਤ ਨਹੀ ਹੋਇਆ। ਬੋਰਡ ਵਲੋ ਮਿ: 03.09.2013 ਦੀ 46 ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਮੱਦ ਨੰ;2:** ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਮਿਤੀ 03.09.2013 ਨੂੰ ਹੋਈ 46 ਵੀਂ ਮੀਟਿੰਗ ਵਿੱਚ ਲਏ ਫੈਸਲਿਆ ਤੇ ਕਾਰਵਾਈ ਰਿਪੋਟ ।

**46ਵੀਂ ਮੀਟਿੰਗ ਦੀ ਮੱਦ ਨੰ: 11:** ਬੋਰਡ ਵਿੱਚ ਆਊਟ ਸੋਰਸ ਰਾਹੀਂ ਡਾਟਾ ਐਂਟਰੀ ਅਕਾਊਂਟ ਕਲਰਕ ਰੱਖਣ ਬਾਰੇ।

ਬੋਰਡ ਵੱਲੋਂ ਪੈਸਕੋ ਰਾਹੀਂ ਅਕਾਊਂਟਸ ਸਹਾਇਕ ਦੀ ਅਸਾਮੀ ਮਿਤੀ 24.02.14 ਤੋਂ ਭਰਨ ਦੀ ਕਾਰਜਵਾਦ ਪ੍ਰਵਾਨਗੀ ਦਿੱਤੀ ਗਈ।

**46ਵੀਂ ਮੀਟਿੰਗ ਦੀ ਮੱਦ ਨੰ: 12:** ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਪ੍ਰਬੰਧਕੀ ਖਰਚੇ 15% ਤੋਂ ਵਧਾਕੇ 35% ਕਰਨ ਬਾਰੇ।

ਵੈਲਫੇਅਰ ਕਮਿਸ਼ਨਰ ਜੀ ਵਲੋ ਮੱਦ ਵਾਈਜ਼ ਫੈਸਲਿਆ ਤੇ ਕੀਤੀ ਕਾਰਵਾਈ ਬਾਰੇ ਮੈਂਬਰ ਸਾਹਿਬਾਨ ਨੂੰ ਜਾਣੂ ਕਰਵਾਇਆ ਗਿਆ।ਇਸ ਦੀ ਮੱਦ ਨੰ;12 ਜਿਸ਼ ਵਿੱਚ ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਪ੍ਰਬੰਧਕੀ ਖਰਚੇ 15 % ਤੇ ਵਧਾ ਕੇ 35 % ਕਰਨ ਬਾਰੇ ਵਧੀਕ ਵੈਲਫੇਅਰ ਕਮਿਸ਼ਨਰ ਜੀ ਵਲੋ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਦਸਿਆ ਗਿਆ ਕਿ ਪਹਿਲਾ ਪ੍ਰਬੰਧਕੀ ਖਰਚੇ ਦੀ ਸੀਮਾ 75 % ਸੀ ਜੋ ਕਿ ਮੰਤਰੀ ਪਰੀਸ਼ਦ ਵਲੋ ਇਸ ਨੂੰ ਘਟਾ ਕੇ 15 % ਕਰਨ ਲਈ ਕਿਹਾ ਗਿਆ ਸੀ । ਪ੍ਰਬੰਧਕੀ ਖਰਚੇ ਦੀ ਸੀਮਾ 35 % ਕਰਨ ਸਬੰਧੀ ਮਾਮਲਾ ਵਿਤ ਵਿਭਾਗ ਨਾਲ ਉਠਾਇਆ ਸੀ । ਵਿੱਤ ਵਿਭਾਗ ਵਲੋ ਕੀਤੇ ਪ੍ਰੇਖਣਾ ਅਨੁਸਾਰ ਕਰਮਚਾਰੀਆ ਦੀ 5ਵੇਂ ਤਨਖਾਹ ਕਮਿਸ਼ਨ ਦੀ ਸਿਫਾਰਿਸ਼ਾਂ ਅਨੁਸਾਰ ਤਨਖਾਹ ਦੇ ਖਰਚੇ ਦੀ ਕੈਲਕੂਲੇਸ਼ਨ ਕੀਤੀ ਗਈ ਹੈ । ਜਿਸ ਅਨੁਸਾਰ ਜੇਕਰ ਬੋਰਡ ਵਲੋ ਭਵਿੱਖ ਵਿਚ 5ਵੇਂ ਤਨਖਾਹ ਕਮਿਸ਼ਨ ਦੀਆ ਸਿਫਾਰਿਸ਼ਾ ਬੋਰਡ ਦੇ ਕਰਮਚਾਰੀਆ ਤੇ ਲਾਗੂ ਕਰਨ ਦੀ ਪ੍ਰਵਾਨਗੀ ਦਿਤੀ ਜਾਂਦੀ ਹੈ ਤਾਂ ਵੀ ਪ੍ਰਬੰਧਕੀ ਖਰਚੇ ਦੀ ਸੀਮਾ 35 % ਕਰਨ ਨਾਲ ਪ੍ਰਬੰਧਕੀ ਖਰਚਾ ਪੂਰਾ ਹੋ ਜਾਵੇਗਾ।ਇਸ ਸਬੰਧੀ ਕੇਸ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਸੀ ਸਰਕਾਰ ਵਲੋ ਅੰਸ਼ਦਾਨ ਸਕੀਮ ਵਿੱਚ ਕਿਰਤੀ ਦੁਆਰਾ '2/-ਰੁਪਏ ਦੀ ਥਾਂ 5/- ਰੁਪਏ ਅਤੇ ਨਿਯੋਜਕ ਦੁਆਰਾ 4/- ਰੁਪਏ ਦੀ ਥਾ 20/- ਰੁਪਏ ਪ੍ਰਤੀ ਮਹੀਨਾ ਯੋਗਦਾਨ ਸਬੰਧੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਦੀ ਧਾਰਾ 9 ਏ ਵਿਚ ਸੋਧ ਹੋਣ ਤੀਕ ਪੈਡਿੰਗ ਰੱਖਣ ਲਈ ਕਿਹਾ ਗਿਆ ਸੀ। ਹੁਣ ਸੋਧ ਸਬੰਧੀ ਨੋਟੀਫਿਕੇਸ਼ਨ ਨੰ:35/Leg//2014 ਮਿਤੀ 15/12/2014 ਨੂੰ ਜਾਰੀ ਹੋ ਗਈ ਹੈ ਜਿਸ ਨਾਲ ਬੋਰਡ ਦੀ ਆਮਦਨ ਵਿਚ ਚਾਰ ਗੁਣਾਂ ਹੋਰ ਵਾਧਾ ਹੋਣ ਨਾਲ ਅੰਦਾਜਨ 16 ਕਰੋੜ ਤੀਕ ਆਮਦਨ ਹੋ ਜਾਵੇਗੀ ਇਸ ਨਾਲ ਪ੍ਰਬੰਧਕੀ ਖਰਚਾ 15 % ਵਿਚ ਹੀ ਪੂਰਾ ਹੋ ਜਾਵੇਗਾ।ਇਸ ਸਬੰਧੀ ਸਰਕਾਰ ਨੂੰ ਸੂਚਿਤ ਕਰਦੇ ਹੋਏ ਰੂਲਾ ਵਿੱਚ ਸੋਧ ਸਬੰਧੀ ਕੇਸ ਸਰਕਾਰ ਨੂੰ ਭੇਜ ਦਿੱਤਾ ਜਾਵੇਗਾ ਤਾ ਜੋ ਮੰਤਰੀ ਪਰੀਸ਼ਦ ਦੇ ਫੈਸਲੇ ਨੂੰ ਲਾਗੂ ਕੀਤਾ ਜਾ ਸਕੇ

ਚੇਅਰਮੈਨ ਜੀ ਅਤੇ ਮੈਂਬਰ ਸਾਹਿਬਾਨ ਵਲੋ ਫੈਸਲਿਆਂ ਤੇ ਕੀਤੀ ਕਾਰਵਾਈ ਤੇ ਸੰਤੁਸ਼ਟੀ ਪ੍ਰਗਟ ਕੀਤੀ ।

**ਮੱਦ ਨੰ 3:** ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਕੰਮ-ਕਾਜ ਦੀ ਕੰਪਿਊਟਰਾਇਜ਼ੇਸ਼ਨ ਬਾਰੇ।

ਵੈਲਫੇਅਰ ਕੁਮਿਸ਼ਨਰ ਜੀ ਵਲੋ ਬੋਰਡ ਦੇ ਕੰਮ ਕਾਜ ਦੀ ਕੰਪਿਊਟਰਾਇਜੇਸ਼ਨ ਕਰਨ ਬਾਰੇ ਮੈਂਬਰਾ ਨੂੰ ਵਿਸਥਾਰ ਪੂਰਵਕ ਦੱਸਿਆ ਗਿਆ ।ਇਸ ਸਬੰਧੀ ਇਹ ਵੀ ਦੱਸਿਆ ਗਿਆ ਕਿ ਆਨਲਾਇਨ ਕੰਮ ਦਾ ਸਕੋਪ ਆਫ ਵਰਕ ਦਾ ਕੰਮ ਤਿਆਰ ਕਰਨ ਸਬੰਧੀ ਵੈਲਫੇਅਰ ਕਮਿਸ਼ਨਰ ਜੀ ਦੀ ਪ੍ਰਧਾਨਗੀ ਅਧੀਨ ਹੇਠ ਲਿਖੇ

ਅਧਿਕਾਰੀਆ/ਕਰਮਚਾਰੀਆ ਦੀ ਕਮੇਟੀ ਬਨਾਉਣੀ ਹੋਵੇਗੀ। ਇਸ ਸਬੰਧੀ ਵੈਲਫੇਅਰ ਕਮਿਸ਼ਨਰ(ਚੇਅਰਮੈਨ)ਵਲੋ ਹੇਠ ਅਨੁਸਾਰ ਕਮੇਟੀ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ।

1. ਵੈਲਫੇਅਰ ਕਮਿਸ਼ਨਰ (ਚੇਅਰਮੈਨ)।
2. ਵਧੀਕ ਵੈਲਫੇਅਰ ਕਮਿਸ਼ਨਰ।
3. ਵਧੀਕ ਡਾਇਰੈਕਟਰ ਆਫ ਫੈਕਟਰੀਜ਼।
4. ਡਿੱਪਟੀ ਵੈਲਫੈਅਰ ਕਮਿਸ਼ਨਰ(ਮੈਂਬਰ ਸੱਕਤਰ)।
5. ਕਿਰਤ ਕਮਿਸ਼ਨਰ, ਦਫਤਰ,ਸੁਪਰਡੈਂਟ, ਜਨਰਲ ਸ਼ਾਖਾ ਅਤੇ ਵਿਵਾਦ ਸ਼ਾਖਾ।
6. ਆਈ .ਟੀ ਡਿਪਾਰਟਮੈਂਟ ਦਾ ਨੁਮਾਇੰਦਾ ।
7. ਵੈਲਫੇਅਰ ਬੋਰਡ ਦਾ ਸੀਨਿਅਰ ਸਹਾਇਕ।

<u>ਮੱਦ ਨੰ 4:</u> ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵੈਲਫੇਅਰ ਬੋਰਡ ਵਿੱਚ ਤੈਨਾਤ ਡਿਪਟੀ ਸਕੱਤਰ ਅਤੇ ਲੇਖਾ ਅਫਸਰ ਨੂੰ ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਡਿਪਟੀ ਵੈਲਫੇਅਰ ਕਮਿਸ਼ਨਰ ਅਤੇ ਲੇਖਾ ਅਫਸਰ ਵਾਧੂ ਚਾਰਜ ਦੇਣ ਬਾਰੇ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਿੱਚ ਤੈਨਾਤ ਡਿਪਟੀ ਸਕੱਤਰ ਅਤੇ ਲੇਖਾ ਅਫਸਰ ਨੂੰ ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਡਿਪਟੀ ਵੈਲਫੇਅਰ ਕਮਿਸ਼ਨਰ ਅਤੇ ਲੇਖਾ ਅਫਸਰ ਦਾ ਅਹੁਦਾ ਦਿੰਦੇ ਹੋਏ ਮਿਤੀ 07/08/2014 ਜਦੋ ਤੋ ਇਹ ਅਧਿਕਾਰੀ ਬੋਰਡ ਦਾ ਕੰਮ ਕਰ ਰਹੇ ਹਨ ਉਦੋ ਤੋ ਬੋਰਡ ਦਾ ਕੰਮ ਕਾਜ ਕਰਨ ਲਈ ਮਾਨ ਭੱਤੇ ਦੇ ਰੂਪ ਵਿੱਚ 5000/- ਰੁਪਏ ਅਤੇ 3000/- ਰੁਪਏ ਪ੍ਰਤੀ ਮਹੀਨਾ ਸ਼ੁਕਰਾਨੇ ਵਜੋ ਦੇਣੇ ਬੋਰਡ ਵਲੋ ਪ੍ਰਵਾਨ ਕੀਤੇ ਗਏ ।

<u>ਮੱਦ ਨੰ 5:</u> ਬੋਰਡ ਦੀਆਂ ਸਕੀਮਾਂ ਦੀ ਪਬਲੀਸ਼ਿਟੀ ਕਰਨ ਬਾਰੇ।

ਬੋਰਡ ਵਲੋ ਇਸ ਮੱਦ ਨੂੰ ਪ੍ਰਵਾਨ ਕਰਦੇ ਹੋਏ ਸਕੀਮਾਂ ਦੀ ਪਬਲੀਸਿਟੀ ਕਰਨ ਲਈ 20 ਲੱਖ ਰੁਪਏ ਦੇ ਖਰਚੇ ਨੂੰ ਬਤੌਰ ਵੈਲਫੇਅਰ ਸਕੀਮ ਤਜੱਵਰ ਕਰਨ ਲਈ ਪ੍ਰਵਾਨਗੀ ਦਿੱਤੀ ਗਈ ।ਸ਼੍ਰੀ ਸਰਬਜੀਤ ਸਿੰਘ, ਜੁਆਇੰਟ ਡਾਇਰੈਕਟਰ, ਉਦਿਯੋਗ ਵਿਭਾਗ ਵਲੋ ਕਿਹਾ ਗਿਆ ਕਿ ਬੋਰਡ ਦੀਆ ਸਕੀਮਾ ਦੀ ਇਕ ਕਾਪੀ ਇੰਡਸਟਰੀ ਵਿਭਾਗ ਨੂੰ ਭੇਜੀ ਜਾਵੇ ਤਾ ਜੋ ਉਹਨਾਂ ਵਲੋ ਵੱਖ-ਵੱਖ ਸਨਅਤੀ ਅਦਾਰਿਆ ਨੂੰ ਸਰਕੂਲੇਟ ਕੀਤੀ ਜਾ ਸਕੇ ।ਬੋਰਡ ਵਲੋਂ ਸਕੀਮਾਂ ਦੀ ਕਾਪੀ ਇੰਡਸਟਰੀ ਵਿਭਾਗ ਨੂੰ ਭੇਜਣ ਲਈ ਕਿਹਾ ਗਿਆ।

<u>ਮੱਦ ਨੰ 6:</u> ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਾਲ 2011-12 ਤੋਂ 2013-14 ਤੀਕ ਦੇ ਲੇਖੇ/ ਬੈਲਸਸ਼ੀਟ ਪ੍ਰਵਾਨ ਕਰਨ ਬਾਰੇ।

ਬੋਰਡ ਵਲੋ ਸਾਲ 2011-12,2012-13 ਅਤੇ 2013-14 ਦੇ ਸਾਲਾਨਾ ਲੇਖੇ/ਬੈਲਸਸ਼ੀਟਾਂ ਅਨੁਲੱਗ ੳ,ਅ ਓਤੇ ੲ ਅਨੁਸਾਰ ਪ੍ਰਵਾਨ ਕੀਤੀਆਂ ਗਈਆਂ ।

<u>ਮੱਦ ਨੰ 7:</u> ਬੋਰਡ ਦੇ ਸਾਲ 2013-14 ਦੇ ਅਸਲ ਆਮਦਨ/ਖਰਚੇ ਦੇ ਬਜਟ ਦੀ ਕਾਰਜਬਾਅਦ ਪ੍ਰਵਾਨਗੀ ਅਤੇ 2014-15 ਅਤੇ 2015-16 ਦੇ ਅਨੁਮਾਨਤ ਬਜੱਟ ਦੀ ਪ੍ਰਵਾਨਗੀ ਬਾਰੇ।

ਬੋਰਡ ਦੇ ਸਾਲ 2013-14 ਦੇ ਅਸਲ ਬੱਜਟ ਅਤੇ 2014-15 ਅਤੇ 2015-16 ਦੇ ਅਨੁਮਾਨਤ ਬੱਜਟ ਪ੍ਰਵਾਨ ਕੀਤੇ ਗਏ ।ਬੋਰਡ ਵਲੋ ਇਹ ਵੀ ਫੈਸਲਾ ਲਿਆ ਗਿਆ ਕਿ ਬੋਰਡ ਦੀਆ ਕਰਜਿਆ ਦੀਆ ਸਕੀਮਾ ਬੰਦ ਨਾ ਕੀਤੀਆ ਜਾਣ। ਇਨਾਂ ਸਕੀਮਾ ਦਾ ਬੱਜਟ ਸੋਧੇ ਬੱਜਟ ਅਨੁਮਾਨ ਵਿੱਚ ਪਾਸ ਕਰਵਾ ਲਿਆ ਜਾਵੇਗਾ ।

<u>ਮੱਦ ਨੰ 8:</u> ਪੰਜਾਬ ਲੇਬਰ ਵੈਲਫੇਅਰ ਬੋਰਡ ਦੀਆ ਮੌਜੂਦਾ ਭਲਾਈ ਸਕੀਮਾਂ ਅਧੀਨ ਲਾਭ ਦੀ ਰਾਸ਼ੀ ਵਧਾਉਣੋ ਅਤੇ ਸਰਤਾਂ ਵਿਚ ਸੋਧਾਂ ਕਰਨ ਬਾਰੇ।

ਬੋਰਡ ਵਲੋ ਹੇਠ ਦਰਸਾਏ ਅਨੁਸਾਰ ਸਕੀਮਾ ਦੀ ਰਾਸ਼ੀ ਵਧਾਉਣ ਦੀ ਪ੍ਰਵਾਨਗੀ ਦਿੱਤੀ ਗਈ ।

## 1. ਵਜੀਫਾ ਸਕੀਮ

ਵਧਾਈ ਗਈ ਰਾਸ਼ੀ ਅਤੇ ਸਕੀਮ ਦੀਆ ਸ਼ਰਤਾ।

| ਲੜੀ ਨੰ: | ਕਲਾਸ | ਵਜੀਫੇ ਦੀ ਰਕਮ ਪ੍ਰਤੀ ਸਾਲ (ਰੁਪਏ) |
|---|---|---|
| 1 | ਨੌਵੀ, ਦੱਸਵੀ ,10+1 ਅਤੇ 10+2 ਤੱਕ | 5000/- |
| 2 | ਕਾਲਜ ਵਿਦਿਆਰਥੀ<br>ਹਰ ਤਰਾਂ ਦੀ ਗਰੈਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ | 15000/- |
| 3 | ਆਈ.ਟੀ.ਆਈ/ਪਾਲੀਟੈਕਨਿਕਲ/ਏ.ਐਨ.ਐਮ.,ਜੀ.ਐਨ.ਐਮ.ਕੋਰਸ ਅਤੇ ਹੋਰ ਪੈਸ਼ਵਾਰ ਕੋਰਸਾ ਲਈ ਪੜਾਈ। | 15000/- |
| 4 | ਹਰ ਤਰਾਂ ਦੀ ਮੈਡੀਕਲ/ਇੰਜੀਨੀਰਿੰਗ ਡਿਗਰੀ ਕੋਰਸ ਦੀ ਪੜਾਈ ਲਈ। | 30000/- |

ਸਕੀਮ ਦੀਆਂ ਸਰਤਾਂ

1.ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸ਼ਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੈਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

2. ਸਬੰਧਤ ਕਲਾਸ ਵਿੱਚ ਫੇਲ ਹੋਏ ਕੇਸਾਂ ਵਿੱਚ ਮੰਨਜੂਰ ਨਹੀਂ ਕੀਤੇ ਜਾਣਗੇ।

3. ਕਿਰਤੀ ਨੂੰ ਖੁਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵਜੀਫਾ ਦਿੱਤਾ ਜਾਵੇਗਾ।

4. ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜੀਫਾ ਕਿਸੇ ਹੋਰ ਸੰਸਥਾ/ਵਿਭਾਗ ਤੋਂ ਮਿਲਦਾ ਹੈ ਤਾਂ ਉਸ ਨੂੰ ਵੀ ਇਸ ਸਕੀਮ ਦਾ ਲਾਭ ਦਿਤਾ ਜਾਵੇਗਾ।

5. ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉਪਰ ਬੈਂਕ ਖਾਤਾ ਨੰ: ਅਤੇ ਆਈ.ਐਫ.ਸੀ.ਕੋਡ ਲਿਖਿਆ ਹੋਵੇ ਨੱਥੀ ਕੀਤਾ ਜਾਵੇ ਤਾਂ ਜੋ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ

ਇਲੈਕਟ੍ਰਾਂਨਿਕਲੀ ਸਿਸਟਮ ਰਾਹੀਂ ਟਰਾਂਸਫਰ ਕੀਤੀ ਜਾ ਸਕੇ।

6. ਬਿਨੈਪੱਤਰ ਨਾਲ ਵਿਦਿਆਰਥੀ ਵਲੋਂ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਸਰਟੀਫਿਕੇਟ ਦੀ ਤਸਦੀਕ ਸੁਧਾ ਕਾਪੀ ਨੱਥੀ ਕੀਤੀ ਜਾਵੇ।

7. ਬਿਨੈਪੱਤਰ ਉਪਰ ਕਿਰਤੀ ਅਤੇ ਪ੍ਰਾਰਥੀ ਦੀ ਫੋਟੋ ਲਗਾਈ ਜਾਵੇ।

ਨੋਟ:- ਸੋਧੇ ਰੇਟ 2015-16 ਦੇ ਸੈਸ਼ਨ ਤੋ ਦਿੱਤੇ ਜਾਣਗੇ ।

## 2. ਲਾਭਪਾਤਰੀ ਦੀ ਲੜਕੀ ਦੀ ਸਾਦੀ ਲਈ ਸ਼ਗਨ ਸਕੀਮ

ਵਧਾਈ ਗਈ ਰਾਸ਼ੀ ਅਤੇ ਸਕੀਮ ਦੀਆ ਸ਼ਰਤਾ ।

1. ਲਾਭਪਾਤਰੀ ਦੀ ਲੜਕੀ ਦੀ ਸਾਦੀ ਲਈ ਜਾਂ ਇਸਤਰੀ ਲਾਭਪਾਤਰੀ ਦੀ ਆਪਣੀ ਸ਼ਾਦੀ

ਲਈ ਸਗਨ ਦੀ ਰਾਸੀ 21000/-ਰੁਪਏ

<u>ਸਰਤਾਂ</u>

1.ਕਿਰਤੀ ਪੰਜਾਬ ਲੇਬਰ ਵੈਲਫ਼ੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੈਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

2.ਕਿਰਤੀ ਵਿਆਹ ਦੀ ਨਿਰਧਾਰਤ ਮਿਤੀ ਤੱਕ ਸ਼ਬੰਧਤ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਨੂੰ ਨਿਰਧਾਰਤ ਫਾਰਮ ਤੇ ਪ੍ਰਾਥਨਾ ਪੱਤਰ ਭੇਜੇਗਾ।

3.ਸ਼ਗਨ ਸਕੀਮ ਅਧੀਨ ਜੋ ਲੜਕੀ ਖੁਦ ਵਰਕਰ ਹੈ ਨੂੰ ਵੀ ਇਸ ਸਕੀਮ ਦਾ ਲਾਭ ਦਿੱਤਾ ਜਾਵੇਗਾ.

4.ਇਸ ਸਕੀਮ ਅਧੀਨ ਕੇਵਲ 2 ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਇਕ ਵਾਰ ਹੀ ਸ਼ੌਗਨ ਸਕੀਮ ਲਾਗੂ ਹੋਵੇਗੀ ਨਾ ਕਿ ਤਲਾਕ ਆਦਿ ਹੋ ਜਾਣ ਤੇ ਦੁਬਾਰਾ ਸ਼ਾਦੀ ਕਰਨ ਤੇ ਵੀ।

5.ਕਿਰਤੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਰੀਕ ਤੋ ਬਾਅਦ 6 ਮਹੀਨੇ ਦੇ ਅੰਦਰ ਅੰਦਰ ਦਰਖਾਸਤ ਦੇ ਸਕਦਾ ਹੈ ।

6. ਜੇਕਰ ਕਿਰਤੀ ਨੂੰ ਇਸ ਸਕੀਮ ਅਧੀਨ ਰਾਜ ਸਰਕਾਰ ਜਾਂ ਕਿਸੇ ਹੋਰ ਸਸੰਥਾ ਵਲੋ ਕੋਈ ਅਜਿਹੀ ਵਿਤੀ ਸਹਾਇਤਾ ਲੈ ਰਿਹਾ ਹੈ ਤਾ ਉਹ ਵੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹਕਦਾਰ ਹੋਵੇਗਾ ।

7.ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉਪਰ ਬੈਂਕ ਖਾਤਾ ਨੰ: ਅਤੇ ਆਈ. ਐਫ.ਸੀ. ਕੋਡ ਲਿਖਿਆ ਹੋਵੇ ਨੱਥੀ ਕੀਤਾ ਜਾਵੇ ਤਾਂ ਜੋ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ ਇਲੈਕਟ੍ਰਾਂਨਿਕਲੀ ਸ਼ਿਸਟਮ ਰਾਹੀਂ ਟਰਾਂਸਫਰ ਕੀਤੀ ਜਾ ਸਕੇ।

8.ਲੜਕੀ ਦੀ ਉਮਰ ਸਬੰਧੀ ਸਬੂਤ ਵਜੋਂ ਸਕੂਲ ਸਰਟੀਫਿਕੇਟ/ਆਧਾਰ ਕਾਰਡ/ਡਰਾਈਵਿੰਗ ਲਾਇਸੈਂਸ ਆਦਿ ਦੀ ਕਾਪੀ ਪ੍ਰਾਥਨਾ ਪੱਤਰ ਨਾਲ ਲਗਾਈ ਜਾਵੇ।

9.ਪ੍ਰਾਥਨਾ ਪੱਤਰ ਕਰਨ ਸਮੇਂ ਕਿਰਤੀ ਦੀ ਤਨਖਾਹ ਦੀ ਕੋਈ ਸੀਮਾ ਨਹੀਂ ਹੈ।

<u>ਨੋਟ</u>:- ਸੋਧੇ ਰੇਟ ਉਸ ਲੜਕੀ ਦੀ ਸਾਦੀ ਦੀ ਲਈ ਲਾਗੂ ਹੋਣਗੇ ਜਿਸ ਦੀ ਸ਼ਾਦੀ ਮਿਤੀ 21.01.15 ਜਾਂ ਉਸ ਤੋ ਬਾਅਦ ਹੋਵੇਗੀ ।

<u>3. ਐਕਸਗਰੇਸੀਆ ਸਕੀਮ</u>

ਵਧਾਈ ਗਈ ਰਾਸ਼ੀ ਅਤੇ ਸਕੀਮ ਦੀਆ ਸ਼ਰਤਾ ।

| | |
|---|---|
| (ੳ). ਦੁਰਘਟਨਾ ਵਿਚ ਮੌਤ ਵਜੋਂ (accidental death) | ਰੁਪੈ 2.00 ਲੱਖ |
| (ਅ) ਕੁਦਰਤੀ ਮੌਤ(natural death) | ਰੁਪੈ 1.50 ਲੱਖ |
| ਲਾਭਪਾਤਰੀ ਦੀ ਅਪੰਗਤਾ ਦੀ ਸੂਰਤ ਵਿਚ<br>1) ਪੂਰਣ ਅਪੰਗਤਾ | ਰੁ: 2.00 ਲੱਖ |
| 2)ਆਂਸਕ ਅਪੰਗਤਾ ਦੀ ਸੂਰਤ ਵਿਚ | ਆਂਸਕ ਅਪੰਗਤਾ ਦੇ ਕੇਸ ਵਿਚ ਕੁਲ ਰਾਸੀ 2.00 ਲੱਖ ਰੁ: ਦਾ ਉਨੇ ਪ੍ਰਤੀਸ਼ਤ ਰਾਸ਼ੀ ਦਾ ਮੁਆਵਜਾ ਦਿਤਾ ਜਾਵੇਗਾ ਜਿਨੇ ਪ੍ਰਤੀਸ਼ਤ ਕਿਰਤੀ ਦੀ ਅਪੰਗਤਾ ਹੋਵੇਗੀ। |

<u>ਉਪਰੋਕਤ ਸਕੀਮ ਤਹਿਤ ਸ਼ਰਤਾ ਹੇਠ ਲਿਖੇ ਅਨੁਸਾਰ ਹਨ:-</u>

1.ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

2.ਕਿਰਤੀ ਵਲੋ ਅੰਸ਼ਦਾਨ ਰੈਗੂਲਰ ਤੋਰ ਤੇ ਜਮਾਂ ਕਰਵਾਉਣ ਦਾ ਸਬੂਤ ਘੱਟੋ-ਘੱਟ ਇਕ ਮਹੀਨੇ ਦਾ ਕਿਰਤ ਇੰਸਪੈਕਟਰ ਤੋਂ ਤਸਦੀਕ ਕਰਵਾਕੇ ਨੱਥੀ ਕੀਤਾ ਜਾਵੇ।

3. ਉਦਯੋਗਿਕ ਕਿਰਤੀ ਦੀ ਮੌਤ ਹੋਣ ਤੇ ਉਸ ਦੀ ਫੈਮਲੀ ਦੀ ਪਰਿਭਾਸ਼ਾ ਜੋ ਹੇਠ ਪ੍ਰਕਾਰ ਹੈ ਵਿਚ ਦਸੇ ਪਰਿਵਾਰ ਦੇ ਮੈਂਬਰ ਸਕੀਮ ਦਾ ਲਭ ਲੈਣ ਦੇ ਹੱਕਦਾਰ ਹੋਣਗੇ :

"Family means the husband or wife ,minor sons(including major sons who are insane or physically handicapped and unable to earn),unmarried daughters and the parents of the industrial worker, who are solely dependant on him"

4.ਅਪੰਗਤਾ ਦੀ ਪ੍ਰਤੀਸ਼ਤਤਾ ਦਾ ਸਰਟੀਫਿਕੇਟ ਸਿਵਲ ਸਰਜਨ ਦੇ ਦਫਤਰ ਤੋਂ ਲੈ ਕੇ ਬਿਨੇ ਪੱਤਰ ਨਾਲ ਲਗਾਉਣਾ ਜਰੂਰੀ ਹੋਵੇਗਾ ।

5. ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉੱਪਰ ਬੈਂਕ ਖਾਤਾ ਨੰ: ਅਤੇ ਆਈ.ਐਫ.ਸੀ.ਕੋਡ ਲਿਖਿਆ ਹੋਵੇ ਨੱਥੀ ਕੀਤਾ ਜਾਵੇ ਤਾਂ ਜੋ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ ਇਲੈਕਟ੍ਰਾਂਨਿਕਲੀ ਸਿਸਟਮ ਰਾਹੀਂ ਟਰਾਂਸਫਰ ਕੀਤੀ ਜਾ ਸਕੇ।

6. ਕਿਰਤੀ ਦੀ ਮੌਤ ਹੋਣ ਤੋਂ ਦੋ ਸਾਲ ਦੇ ਅੰਦਰ-ਅੰਦਰ ਉਸ ਦੀ ਵਿਧਵਾ/ਆਂਸ਼ਰਿਤ ਵਲੋਂ ਦਰਖਾਸਤ ਪ੍ਰਾਪਤ ਹੋਣਦੀ ਸੂਰਤ ਵਿੱਚ ਐਕਸਗ੍ਰੇਸੀਆਂ ਗਰਾਂਟ ਮੰਨਜੂਰ ਕੀਤੀ ਜਾਵੇਗੀ।

7. ਕਿਰਤੀ ਦੀ ਮੌਤ ਸਬੰਧੀ ਸਰਟੀਫਿਕੇਟ ਦੀ ਕਾਪੀ ਦਰਖਾਸਤ ਨਾਲ ਲਗਾਉਣੀ ਜਰੂਰੀ ਹੋਵੇਗੀ।

8. ਦਰਖਾਸਤ ਉਪਰ ਕਿਰਤੀ ਦੀ ਵਿਧਵਾਂ ਦੀ ਫੋਟੋ ਲਗਾਉਣੀ ਜਰੂਰੀ ਹੋਵੇਗੀ।

9. ਪੂਰਨ ਰੂਪ ਵਿੱਚ ਅਪੰਗ/ਆਂਸ਼ਿਕ ਅਪੰਗਤਾ ਸਬੰਧੀ ਸਾਰਟੀਫਿਕੇਟ ਸਿਵਲ ਸਰਜਨ ਦਾ ਨੱਥੀ ਕੀਤਾ ਜਾਵੇ।

10. ਜੇਕਰ ਲਾਭਪਾਤਰੀ ਈ.ਐਸ.ਆਈ.ਸਕੀਮ ਅਧੀਨ ਲਾਭ ਲੈ ਰਿਹਾ ਹੈ ਤਾਂ ਉਹ ਐਕਸਗ੍ਰੇਸੀਆਂ ਸਕੀਮ ਦਾ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

<u>ਨੋਟ:-</u> ਸੋਧੇ ਰੇਟ ਉਨ੍ਹਾਂ ਕੇਸਾ ਵਿਚ ਲਾਗੂ ਹੋਣਗੇ ਜਿਥੇ ਸਧਾਰਨ ਮੌਤ ਹਾਦਸੇ ਕਾਰਣ ਮੌਤ ਜਾਂ ਅਪੰਗਤਾ ਮਿਤੀ 21.01.15 ਜਾਂ ਉਸ ਤੋ ਬਾਅਦ ਹੋਈ ਹੋਵੇ।

4. ਖਤਰਨਾਕ ਬੀਮਾਰੀਆਂ ਦੇ ਇਲਾਜ ਦੀ ਪ੍ਰਤੀਪੂਰਤੀ ਸਕੀਮ

ਵਧਾਈ ਗਈ ਰਾਸ਼ੀ ਅਤੇ ਸਕੀਮ ਦੀਆ ਸ਼ਰਤਾ ।

(ੳ).ਖਤਰਨਾਕ ਬਿਮਾਰੀਆ

ਇਹ ਮੱਦ ਅਗਲੀ ਮੀਟਿੰਗ ਤੱਕ ਲੰਬਿਤ ਰੱਖੀ ਗਈ ।

(ਅ) ਜਨਰਲ ਸਰਜਰੀ

ਇਹ ਮੱਦ ਅਗਲੀ ਮੀਟਿੰਗ ਤੱਕ ਲੰਬਿਤ ਰੱਖੀ ਗਈ ।

5. ਐਨਕ, ਦੰਦ ਅਤੇ ਸੁਣਨ ਯੰਤਰ ਲਗਾਉਣ ਲਈ ਸਬਸਿਡੀ ਸਕੀਮ

ਵਧਾਈ ਗਈ ਰਾਸ਼ੀ ਅਤੇ ਸਕੀਮ ਦੀਆ ਸ਼ਰਤਾ।

| | | ਰਕਮ(ਰੁਪਏ) |
|---|---|---|
| ਕ | ਐਨਕ ਦੀ ਕੀਮਤ ਜਾ ਵੱਧ ਤੋਂ ਵੱਧ | 800/- ਰੁ: |
| ਖ | ਦੰਦ ਲਗਾਉਣ | 5000/-ਰੁ: |
| ਗ | ਸੁਣਨ-ਯੰਤਰ ਦੀ ਕੀਮਤ ਵੱਧ ਤੋਂ ਵੱਧ | 6000/-ਰੁ: |

ਸ਼ਰਤਾਂ

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।
2. ਇਸ ਸਕੀਮ ਅਧੀਨ ਲਾਭਪਾਤਰੀ ਜਾ ਉਸ ਦੇ ਪਰਿਵਾਰ ਦੇ ਮੈਂਬਰ ਨੂੰ ਐਨਕਾ/ਸੁਣਨ ਯੰਤਰ,ਦੰਦ ਲਗਾਨ ਦਾ ਸਾਰੀ ਸਰਵਿਸ ਦੋਰਾਨ ਲਾਭ ਕੇਵਲ ਇਕ ਵਾਰ ਹੀ ਦਿੱਤਾ ਜਾਵੇਗਾ ।
3. ਲਾਭਪਾਤਰੀ ਨੂੰ ਇਹ ਰਕਮ ਉਸ ਵਲੋ ਕੀਤੇ ਗਏ ਅਸਲ ਖਰਚੇ ਜਾ ਵਿਤੀ ਸਹਾਇਤਾ ਦੀ ਰਕਮ ਜੋ ਵੀ ਘੱਟ ਹੋਵੇਗੀ ਅਨੁਸਾਰ ਉਸ ਵਲੋ ਪੇਸ਼ ਕੀਤੇ ਗਏ ਅਸਲ ਬਿਲਾ ਦੇ ਅਧਾਰ ਤੇ ਕੀਤੀ ਜਾਵੇਗੀ ।
4. ਇਨਾਂ ਯੰਤਰਾਂ ਦੀ ਜਰੂਰਤ ਮੈਡੀਕਲ ਅਫਸਰ/ਈ.ਐਸ.ਆਈ.ਡਿਪੇਂਸਰੀ ਇੰਨਚਾਰਜ ਵਲੋਂ ਦਿੱਤੀ ਸਲਾਹ ਦੇ ਅਧਾਰ ਤੇ ਹੀ ਸਬਸਿਡੀ ਦੀ ਰਕਮ ਮੰਨਜੂਰ ਕੀਤੀ ਜਾਵੇਗੀ।
5. ਜੇਕਰ ਕਿਰਤੀ ਨੂੰ ਉੱਕਤ ਆਇਟਮਾ ਸਬੰਧੀ ਕਿਸੇ ਹੋਰ ਸਕੀਮ ਅਧੀਨ ਵਿੱਤੀ ਸਹਾਇਤਾ ਮਿਲ ਰਹੀ ਹੈ ਤਾਂ ਉਸ ਨੂੰ ਇਹ ਲਾਭ ਨਹੀ ਦਿੱਤਾ ਜਾਵੇਗਾ।

ਨੋਟ:- ਸੋਧੇ ਰੇਟ ਮਿਤੀ 21.01.15 ਤੋ ਬਾਅਦ ਕਰਵਾਏ ਇਲਾਜ ਲਈ ਦਿੱਤੇ ਜਾਣਗੇ ।

**6. ਉਦਯੋਗਿਕ ਕਿਰਤੀਆਂ ਨੂੰ ਛੁੱਟੀ ਦੌਰਾਨ ਭਾਰਤ ਵਿਚ ਸਥਿਤ ਧਾਰਮਿਕ/ਇਤਹਾਸਿਕ ਸਥਾਨਾਂ ਯਾਤਰਾ ਲਈ ਅਤੇ Home Town ਜਾਣ ਲਈ ਐਲ.ਟੀ.ਸੀ. ਦੇਣ ਸਬੰਧੀ ਸਕੀਮ**

ਇਸ ਸਕੀਮ ਅਧੀਨ ਐਲ.ਟੀ.ਸੀ ਦੀ 2000/- ਰੁਪਏ ਦੀ ਰਕਮ 2 ਸਾਲਾ ਵਿਚ ਇਕ ਵਾਰ ਦਿੱਤੀ ਜਾਵੇਗੀ:-

ਸ਼ਰਤਾ

1. ਉਦਯੋਗਿਕ ਕਿਰਤੀ ਭਾਰਤ ਵਿੱਚ ਕਿਸੇ ਵੀ ਧਾਰਮਿਕ/ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਜਾਂ ਅਪਣੇ Home Town ਜਾਣ ਲਈ ਐਲ.ਟੀ.ਸੀ. ਲਈ ਯੋਗ ਹੋਵੇਗਾ ਅਤੇ/ ਦੁਬਾਰਾ 2 ਸਾਲ ਬਾਦ ਇਸ ਸਹੂਲਤ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀ ਵਲੋਂ ਇਸ ਸਕੀਮ ਅਧੀਨ ਨਿਰਧਾਰਿਤ ਪਰੁਫ਼ਾਰਮੇ ਵਿੱਚ ਅਰਜੀ ਯਾਤਰਾ ਤੋਂ ਵਾਪਸ ਆਉਣ ਤੇ ਦਿਤੀ ਜਾਵੇਗੀ ਅਤੇ ਕੀਤੀ ਗਈ ਯਾਤਰਾ ਬਾਰੇ ਸਵੈ ਘੋਸ਼ਣਾ/ ਸਬੂਤ (Self declaration / proof) ਅਰਜੀ ਦੇ ਨਾਲ ਪੇਸ਼ ਕਰਨਾ ਪਵੇਗਾ, ਜਿਸ ਬਾਰੇ ਪੜਤਾਲੀਆ ਰਿਪਟ ਸਬੰਧਤ ਹਲਕੇ ਦੇ ਕਿਰਤ ਇੰਸਪੈਕਟਰ ਗ੍ਰੇਡ-1/ 2 ਅਪਣੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਨੂੰ ਭੇਜਣ ਲਈ ਜਿੰਮੇਵਾਰ ਹੋਣਗੇ।
3. ਇਸ ਸਕੀਮ ਅਧੀਨ ਯਾਤਰਾ ਦੋਰਾਨ ਅਣਸੁਖਾਵੀਂ ਘਟਨਾ ਵਾਪਰਨ ਤੇ ਲਾਭਪਾਤਰੀ ਨੂੰ ਬੋਰਡ ਵਲੋਂ ਕੋਈ ਮੁਆਵਜਾ ਨਹੀਂ ਦਿਤਾ ਜਾਵੇਗਾ।
4. ਉਦਯੋਗਿਕ ਕਿਰਤੀ ਨੂੰ ਭਾਵੇਂ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ ਸੰਸਥਾ ਤੋਂ ਕੋਈ ਲਾਭ ਮਿਲ ਰਿਹਾ ਹੋਵੇ, ਤਾਂ ਵੀ ਉਸਨੂੰ ਬੋਰਡ ਦੀ ਇਸ ਸਕੀਮ ਦਾ ਪੂਰਾ ਲਾਭ ਦਿਤਾ ਜਾਵੇਗਾ"।
5. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੈਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

ਨੋਟ:- ਸੋਧੇ ਰੇਟ ਮਿਤੀ 21.01.15 ਤੋ ਬਾਅਦ ਕੀਤੀ ਗਈ ਯਾਤਰਾ ਲਈ ਦਿੱਤੇ ਜਾਣਗੇ।

**7. ਕਰਜਾ ਸਕੀਮਾਂ**

ਕਰਜਾ ਸਕੀਮਾਂ ਵਿਚ ਵਧਾਈ ਗਈ ਰਾਸ਼ੀ ਹੇਠ ਅਨੁਸਾਰ ਹੈ ;

| | ਰਕਮ(ਰੁਪਏ |
|---|---|
| ਕੰਪਿਊਟਰ ਦੀ ਖ੍ਰੀਦ ਲਈ | 30,000 |
| ਮੋਟਰਸਾਈਕਲ/ਇਲੈਕਟ੍ਰੋਨੀਕ ਸਕੂਟੀ ਦੀ ਖ੍ਰੀਦ ਲਈ | 50,000 |

ਸ਼ਰਤਾ

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ/ ਇਸਟੈਬਲਿਸਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੈਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।
2. ਕਿਰਤੀ ਦੀ ਰੈਗੂਲਰ ਤੋਰ ਤੇ ਨੋਕਰੀ ਘਟੋ ਘਟ 2 ਸਾਲ ਦੀ ਹੋਣੀ ਚਾਹੀਦੀ ਹੈ।
3. ਜਿਹੜਾ ਕਿਰਤੀ ਕਰਜੇ ਦੀ ਰਕਮ ਵਾਪਿਸ ਕਰਨ ਵਿਚ ਕਸੂਰਵਾਰ ਪਾਇਆ ਗਿਆ ਤਾ ਉਸ ਸੂਰਤ ਵਿਚ ਦੂਜਾ ਕਰਜਾ ਨਹੀ ਦਿਤਾ ਜਾਵੇਗਾ ।
4. ਕਿਰਤੀ ਨੂੰ ਇਕ ਵਾਰ ਕੇਵਲ ਇਕ ਹੀ ਵਸਤੂ ਲਈ ਕਰਜਾ ਦਿਤਾ ਜਾਵੇਗਾ ।
5. ਕੰਪਿਊਟਰ ਅਤੇ ਮੋਟਰਸਾਇਕਲ ਲਈ ਦਿਤੇ ਕਰਜੇ ਦੀ ਵਸੂਲੀ 30 ਬਰਾਬਰ ਕਿਸ਼ਤਾ ਵਿਚ ਕੀਤੀ ਜਾਵੇਗੀ।
6. ਮੋਟਰਸਾਈਕਲ ਦਾ ਕਰਜਾ ਲੈਣ ਸਮੇ ਕਿਰਤੀ ਦੇ ਨਾਮ ਪਹਿਲਾ ਕੋਈ ਸਕੂਟਰ/ਮੋਟਰਸਾਈਕਲ ਆਦਿ ਨਹੀ ਹੋਣਾ ਚਾਹੀਦਾ ।

ਕਰਜਾ ਸਕੀਮ ਅਧੀਨ ਕਿਰਤੀ ਦੀ ਸਲਾਨਾ ਆਮਦਨ ਦੀ ਸੀਮਾ ਹੇਠ ਲਿਖੇ ਅਨੁਸਾਰ ਵਿਆਜ ਦੀ ਦਰ ਵਸੂਲ ਕੀਤੀ ਜਾਵੇਗੀ :-

| ਲੜੀ ਨੰ: | ਆਮਦਨ ਦੀ ਸੀਮਾ | ਵਿਆਜ ਦਾ ਦਰ |
|---|---|---|
| 1 | 50,000/- ਰੁਪਏ ਤੀਕ ਸਲਾਨਾ | ਬਿਨਾ ਵਿਆਜ |
| 2 | 50,000 ਰੁਪਏ ਤੋ 1,00,000/- ਰੁਪਏ ਤੀਕ(ਸਲਾਨਾ) | 2% ਦਰ ਨਾਲ |
| 3 | 1,00,000/- ਰੁਪਏ ਤੋ ਉਪਰ ਸਲਾਨਾ | 3% ਦਰ ਨਾਲ |

ਸੋਧੇ ਰੇਟ ਵਿੱਤੀ ਸਾਲ 2015-16 ਤੋਂ ਲਾਗੂ ਹੋਣਗੇ ।

ਨੋਟ: ਬੋਰਡ ਵੱਲੋਂ ਕਰਜਾ ਸਕੀਮ ਅਧੀਨ, ਬਾਈਸਾਈਕਲ, ਸਿਲਾਈ ਮਸ਼ੀਨ, ਪੱਖੇ, ਟੈਲੀਵੀਜਨ, ਲੜਕੀ ਦੀ ਸ਼ਾਦੀ ਅਤੇ ਕਣਕ ਖਰੀਦਣ ਲਈ ਕਰਜਾ ਸਕੀਮਾਂ 2015-16 ਦੌਰਾਨ ਵੀ ਚਲਦੇ ਰਹਿਣ ਦੀ ਪ੍ਰਵਾਨਗੀ ਦਿਤੀ ਗਈ ਹੈ।2015-16 ਦੇ ਸੋਧੇ ਬੱਜਟ ਵਿੱਚ ਇਨ੍ਹਾਂ ਸਕੀਮਾਂ ਲਈ ਬੱਜਟ ਉਪਬੰਧ ਕੀਤਾ ਜਾਵੇਗਾ।

## ਮੱਦ ਨੰ 9: ਕੰਪਿਊਟਰ ਅਪਰੇਟਰ ਦੀ ਆਸਾਮੀ ਦੀ ਰਚਨਾ ਕਰਨ ਬਾਰੇ।

ਬੋਰਡ ਵਲੋ ਕੰਪਿਊਟਰ ਅਪਰੇਟਰ ਦੀ ਇਕ ਆਸਾਮੀ ਨੂੰ ਭਰਨ ਦੀ ਪ੍ਰਵਾਨਗੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਸਰਕਾਰ ਦੀਆਂ ਹਦਾਇਤਾ ਅਨੁਸਾਰ ਕੰਪਿਊਟਰ ਅਪਰੇਟਰ ਦੀ ਆਸਾਮੀ ਭਰਨ ਲਈ ਵਿਦਿਅਕ ਯੋਗਤਾ ਅਤੇ ਸ਼ਰਤਾ ਉਹੀ ਰੱਖੀਆਂ ਜਾਣ ਜੋ ਚੰਡੀਗੜ੍ਹ ਪ੍ਰਸ਼ਾਸਨ ਵਲੋ ਇਸ ਅਸਾਮੀ ਲਈ ਘਟੋ ਘੱਟ ਵੇਤਣ ਨਿਸ਼ਚਿਤ ਕਰਨ ਵੇਲੇ ਰੱਖੀਆਂ ਜਾਂਦੀਆਂ ਹਨ।

## ਮੱਦ ਨੰ 10: ਮਾਡਲ ਵੈਲਫੇਅਰ ਸੈਂਟਰ ਮੁਹਾਲੀ ਦੀ ਬਿਲਡਿੰਗ ਦਾ ਕੰਮ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਤੋਂ ਕਰਵਾਉਣ ਬਾਰੇ।

ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਦੀ ਪ੍ਰਗਤੀ ਤੇ ਬੋਰਡ ਵਲੋ ਸੰਤੁਸ਼ਟੀ ਪ੍ਰਗਟ ਕੀਤੀ ਗਈ ।ਬਿਲਡਿੰਗ ਦਾ ਨੀਂਹ ਪੱਥਰ ਰੱਖਣ ਲਈ ਮਾਨਯੋਗ ਚੇਅਰਮੈਨ ਜੀ ਵੱਲੋਂ ਮਾਨਯੋਗ ਮੁਖ ਮੰਤਰੀ ਪੰਜਾਬ ਜੀ ਤੋ ਉਨਾਂ ਦੀ ਸਹੂਲਤਾ ਅਨੁਸਾਰ ਮਿਤੀ ਸਮਾਂ ਲੈ ਕੇ ਨੀਂਹ ਪੱਥਰ ਰੱਖਣ ਦੀ ਅਗਲੀ ਰਸਮ ਅਮਲ ਵਿਚ ਲਿਆਂਦੀ ਜਾਵੇਗੀ ।ਬੋਰਡ ਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਸਾਲ 2015-1 ਦੋਰਾਨ ਇਸ ਸਕੀਮ ਤਹਿਤ 10 ਕਰੋੜ ਰੁਪਏ ਦੀ ਰਾਸ਼ੀ ਦਾ ਬੱਜਟ ਉਪਬੰਧ ਕੀਤਾ ਗਿਆ ਹੈ।

## ਮੱਦ ਨੰ 11: ਬੋਰਡ ਅਤੇ ਪੰਜਾਬ ਐਕਸਸਰਵਿਸਮੈਨ ਕਾਰਪੋਰੇਸ਼ਨ ਚੰਡੀਗੜ੍ਹ ਵਿਚਕਾਰ ਠੇਕੇ ਤੇ ਅਕਾਊਂਟਸ ਸਹਾਇਕ ਮੁਹਇਆ ਕਰਾਉਣ ਲਈ ਕੀਤੇ ਠੇਕੇ ਦੀ ਮਿਆਦ ਵਧਾਉਣ ਬਾਰੇ।

ਇਹ ਮੱਦ ਬੋਰਡ ਵਲੋ ਪ੍ਰਵਾਨ ਕਰਦੇ ਹੋਏ ਪੈਸਕੋ ਨਾਲ ਮਿਤੀ 01.02.2015 ਤੋਂ ਅਗਲੇ ਤਿੰਨ ਸਾਲਾ ਲਈ ਠੇਕੇ ਦੀ ਮਿਆਦ ਵਧਾਉਣ ਦੀ ਪ੍ਰਵਾਨਗੀ ਦਿਤੀ ਗਈ ।

ਮੱਦ ਨੰ 12: ਮੋਹਾਲੀ ਵਿਖੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਦੇ ਸਬੰਧ ਵਿੱਚ ਮੈਸ: ਪੈਰੀ ਐਂਡ ਐਸੋਸੀਏਟਸ ਐਸ.ਸੀ.ਓ. 68 ਫੇਜ 3ਬੀ-2 ਮੁਹਾਲੀ ਵਲੋ ਬਤੌਰ ਆਰਕੀਟੈਕਟ ਨਕਸ਼ੇ ਪਾਸ ਕਰਨ ਦੇ ਬਦਲੇ ਮਿਹਨਤਾਨਾ ਦੇਣ ਬਾਰੇ ਅਤੇ ਮਾਡਲ ਵੈਲਫੇਅਰ ਸੈਂਟਰ ਸੈਕਟਰ-64 ਫੇਜ 10 ਮੁਹਾਲੀ ਦੀ ਉਸਾਰੀ ਦਾ ਕੰਮ ਲਈ ਸੁਪਰਵੀਜਨ ਦਾ ਕੰਮ ਸੋਪਣ ਬਾਰੇ।

ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਸਬੰਧੀ ਸੁਪਰਵੀਜਨ ਦਾ ਕੰਮ ਮੈਸ: ਪੈਰੀ ਐਂਡ ਐਸੋਸੀਏਟਸ ਨੂੰ ਮਿਹਨਤਾਨਾ ਵਜੋ 12000/- ਰੁਪਏ ਪ੍ਰਤੀ ਮਹੀਨਾ ਪ੍ਰੋਜੈਕਟ ਦਾ ਨੀਂਹ ਪਥਰ ਤੋਂ ਲੈ ਕੇ ਪ੍ਰੋਜੈਕਟ ਦੇ ਪੂਰਾ ਹੋਣ ਤੀਕ ਜਾਂ 2 ਸਾਲ ਲਈ ਜੋ ਵੀ ਘੱਟ ਹੋਵੇ ਦੇਣ ਲਈ ਬੋਰਡ ਵਲੋ ਪ੍ਰਵਾਨਗੀ ਦਿਤੀ ਗਈ ਹੈ ।ਜੇਕਰ 2 ਸਾਲ ਤੋ ਵੱਧ ਸਮਾਂ ਪ੍ਰੋਜੈਕਟ ਪੂਰਾ ਹੋਣ ਤੇ ਲਗੇਗਾ ਤਾ ਪੰਜਾਬ ਪੁਲਿਸ ਕਾਰਪੋਰੇਸ਼ਨ ਵਲੋ ਹੀ ਸੁਪਰਵੀਜਨ ਦੀ ਕੰਮ ਦੀ ਪੇਮੈਂਟ ਕੀਤੀ ਜਾਵੇਗੀ ।

ਮੈਸ: ਪੈਰੀ ਐਸੋਸੀਏਟਸ ਵਲੋ ਵੈਲਫੇਅਰ ਕਮਿਸ਼ਨਰ ਦੀ ਸਲਾਹ ਅਨੁਸਾਰ ਬਿਲਡਿੰਗ ਦੀ ਟੈਕਨੀਕਲ ਸੁਪਰਵੀਜ਼ਨ ਕੀਤੀ ਜਾਵੇਗੀ ਅਤੇ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਵਲੋ ਕੀਤੀ ਜਾਣ ਵਾਲੀ ਉਸਾਰੀ ਅਤੇ ਲਗਾਏ ਜਾਣ ਵਾਲੇ ਮੈਟੀਰਿਅਲ ਦੀ ਬਤੌਰ ਟੈਕਨੀਕਲ ਐਕਸਪਰਟ ਤਕਨੀਕੀ ਪਖੋ ਦੇਖ ਰੇਖ ਕੀਤੀ ਜਾਵੇਗੀ। ਕਾਰਪੋਰੇਸ਼ਨ ਵੱਲੋਂ ਪੇਸ਼ ਕੀਤੇ ਗਏ ਬਿਲਾ ਦੀ ਅਦਾਇਗੀ ਕਰਨ ਤੋ ਪਹਿਲ ਤਕਨੀਕੀ ਪਖੋਂ ਉਸ ਵਲੋ ਚੈਕ ਕੀਤਾ ਜਾਇਆ ਕਰੇਗਾ।